# ਅਧਿਆਇ 38

# ਡੇਹਰੇ ਦੀ ਬਣਤਰ (ਭਾਗ 3)


ਕੂਚ 38 ਅਧਿਆਇ ਵਿਚ ਡੇਹਰੇ ਦੀ ਉਸਾਰੀ ਦਾ ਬਿਰਤਾਂਤ ਜੋ 36:8[1] ਤੋਂ ਸ਼ੁਰੂ ਹੋਇਆ ਸੀ ਉਹ ਸਮਾਪਤ ਹੁੰਦਾ ਹੈ। ਡੇਹਰੇ ਅਤੇ ਉਸ ਦੇ ਫਰਨੀਚਰ ਦੇ ਨਿਰਮਾਣ ਦਾ ਵਰਣਨ ਪਹਿਲਾਂ ਤੋਂ ਹੀ ਕੀਤਾ ਜਾ ਚੁੱਕਾ ਹੈ। ਇਹ ਅਧਿਆਇ ਹਾਤੇ ਅਤੇ ਇਸ ਦੀ ਸਮੱਗਰੀ ਦੇ ਨਿਰਮਾਣ ਨਾਲ ਸੰਬੰਧਤ ਕਹਾਣੀ ਨੂੰ ਸਮਾਪਤ ਕਰਦਾ ਹੈ। ਇਹ ਹੋਮ ਬਲੀ ਦੀ ਜਗਵੇਦੀ (38:1-7), ਪਿੱਤਲ ਦੀ ਜਗਵੇਦੀ (38:8), ਅਤੇ ਹਾਤੇ ਦੀ ਉਸਾਰੀ ਦੇ ਚਿੱਤਰਣ ਕਰਦਾ ਹੈ ਜਿਸ ਨੇ ਡੇਹਰੇ ਨੂੰ ਘੇਰਿਆ ਸੀ (38:9-20)। ਬਾਕੀ ਅਧਿਆਇ ਵਿਚ, ਲੇਖਕ ਡੇਹਰੇ ਦੇ ਖਰਚੇ ਨੂੰ ਦਰਸਾਉਂਦਾ ਹੈ (38:21-31)। ਉਹ "ਡੇਹਰੇ ਦਾ ਲੇਖਾ" ਦੱਸਦਾ ਹੈ (38:21), ਉਸ ਵਿਚ ਦੋਵੇਂ ਸਵੈ-ਇੱਛਾ ਨਾਲ ਜਮ੍ਹਾਂ ਕੀਤੇ ਦਾਨ (38:24) ਅਤੇ ਗਿਣਤੀ ਕੀਤੇ ਗਏ ਸਾਰੇ ਲੋਕਾਂ ਕੋਲੋਂ ਲਏ ਗਏ ਕਰ ਦੁਆਰਾ ਇਕੱਠੀ ਕੀਤੀ ਰਾਸ਼ੀ ਸ਼ਾਮਲ ਸਨ (38:25)।

## ਪਿੱਤਲ ਦੀ ਜਗਵੇਦੀ (38:1-7)

**1ਉਸ ਨੇ ਹੋਮ ਦੀ ਜਗਵੇਦੀ ਸ਼ਿੱਟੀਮ ਦੀ ਲੱਕੜੀ ਦੀ ਬਣਾਈ। ਉਸ ਦੀ ਲੰਬਾਈ ਪੰਜ ਹੱਥ
ਉਸ ਦੀ ਚੁੜਾਈ ਪੰਜ ਹੱਥ ਅਤੇ ਉਹ ਚੌਰਸ ਸੀ ਅਰ ਉਸ ਦੀ ਉਚਾਈ ਤਿੰਨ ਹੱਥ ਸੀ। 2ਉਸ ਨੇ
ਉਸ ਦੇ ਸਿੰਙ ਉਸੇ ਤੋਂ ਉਸ ਦੇ ਚੋਹਾਂ ਖੂੰਜਿਆਂ ਉੱਤੇ ਬਣਾਏ ਅਤੇ ਉਸ ਨੂੰ ਪਿੱਤਲ ਨਾਲ ਮੜ੍ਹਿਆ।
3ਜਗਵੇਦੀ ਦਾ ਸਾਰਾ ਸਮਾਨ ਉਸ ਨੇ ਬਣਾਇਆ ਅਰਥਾਤ ਤਸਲੇ, ਕੜਛੇ, ਬਾਟੇ, ਤ੍ਰਿਸੂਲੀਆਂ
ਅਤੇ ਅੰਗੀਠੀਆਂ ਬਣਾਈਆਂ। ਉਸ ਦੇ ਸਾਰੇ ਭਾਂਡੇ ਪਿੱਤਲ ਦੇ ਸਨ। 4ਉਸ ਨੇ ਜਗਵੇਦੀ ਲਈ ਪਿੱਤਲ
ਦੀ ਇੱਕ ਜਾਲੀਦਾਰ ਝੰਜਰੀ ਬਣਾਈ। 5ਉਹ ਉਹ ਦੇ ਥੜ੍ਹੇ ਦੇ ਹੇਠ ਅਤੇ ਉਹ ਦੇ ਗੱਭੇ ਸੀ ਅਤੇ
ਉਸ ਨੇ ਚੋਹਾਂ ਖੂੰਜਿਆਂ ਲਈ ਚਾਰ ਕੜੇ ਪਿੱਤਲ ਦੀ ਝੰਜਰੀ ਲਈ ਬਣਾਏ ਜਿਹੜੇ ਚੋਬਾਂ ਦੇ ਥਾਵਾਂ
ਲਈ ਸਨ। 6ਉਸ ਨੇ ਸ਼ਿੱਟੀਮ ਦੀ ਲੱਕੜੀ ਦੀਆਂ ਚੋਬਾਂ ਬਣਾਈਆਂ ਅਤੇ ਉਨ੍ਹਾਂ ਨੂੰ ਪਿੱਤਲ ਨਾਲ
ਮੜ੍ਹਿਆ। 7ਉਸ ਉਹ ਦੀਆਂ ਚੋਬਾਂ ਨੂੰ ਜਗਵੇਦੀ ਦੇ ਪਾਸਿਆਂ ਦੇ ਕੜਿਆਂ ਵਿੱਚ ਪਾਇਆ ਜਿਨ੍ਹਾਂ
ਨਾਲ ਉਹ ਚੁੱਕੀ ਜਾਵੇ। ਉਸ ਨੇ ਉਹ ਨੂੰ ਫੱਟੀਆਂ ਨਾਲ ਖੋਖਲਾ ਬਣਾਇਆ।**

**ਆਇਤਾਂ 1-7. ਹੋਮ ਦੀ ਜਗਵੇਦੀ** ਦਾ ਨਿਰਮਾਣ 27:1-8 ਦੇ ਵਿਚ ਦਿੱਤੀਆਂ ਗਈਆਂ ਹਿਦਾਇਤਾਂ ਨੂੰ ਪੂਰਾ ਕਰਦਾ ਹੈ। ਜਿਸ ਵਿਅਕਤੀ ਦਾ ਵਰਣਨ ਜਗਵੇਦੀ ਬਣਾਉਣ ਵਾਲੇ ਦੇ ਰੂਪ ਵਿਚ ਕੀਤਾ ਗਿਆ ਹੈ, ਜਿਸ ਨੂੰ ਪੜਨਾਂਵ **ਉਸ** ਦੇ ਨਾਲ ਦਰਸਾਇਆ ਗਿਆ ਹੈ, ਉਹ ਬਸਲਏਲ ਹੈ। ਅਧਿਆਇ 37:1 ਦੇ ਨਾਲ ਸ਼ੁਰੂ ਕਰਦੇ ਹੋਏ, ਵਚਨ ਕਹਿੰਦਾ ਹੈ ਕਿ ਬਸਲਏਲ ਨੇ ਸੰਦੂਕ, ਹਜ਼ੂਰੀ ਦੀਆਂ ਰੋਟੀਆਂ ਦੀ ਮੇਜ਼, ਸ਼ਮਾਦਾਨ, ਅਤੇ ਧੂਪ ਦੀ ਜਗਵੇਦੀ ਬਣਾਈ; ਇੱਥੇ ਇਹ ਸੰਕੇਤ ਦਿੰਦਾ ਹੈ ਕਿ ਉਸ ਨੇ ਹੋਮ ਬਲੀ ਦੀ ਜਗਵੇਦੀ ਵੀ ਬਣਾਈ ਸੀ। ਇਨ੍ਹਾਂ ਬਿਆਨਾਂ ਦੇ ਸੱਚ ਹੋ ਜਾਣ ਦੇ ਲਈ, ਬਸਲਏਲ ਨੂੰ ਹਰੇਕ ਮਾਮਲੇ ਵਿਚ ਕਾਰੀਗਰ ਬਣਨ ਦੀ ਲੋੜ ਨਹੀਂ ਸੀ। ਹੋਰਨਾਂ ਲੋਕਾਂ

ਨੂੰ ਜੋ ਹੁਨਰਮੰਦ ਲੋਕ ਸਨ ਉਸਾਰੀ ਵਿਚ ਮਦਦ ਕਰਨ ਦੇ ਲਈ ਭਰਤੀ ਕੀਤਾ ਗਿਆ ਸੀ (35:10-19)। ਬਸਲਏਲ ਨੇ ਹਰ ਇੱਕ ਚੀਜ਼ ਇਸ ਅਰਥ ਵਿਚ **ਬਣਾਈ** ਸੀ ਕਿ ਉਸ ਨੇ ਇਨ੍ਹਾਂ ਦੇ ਬਣਾਏ ਜਾਣ ਦਾ ਨਿਰੀਖਣ ਕੀਤਾ। **ਜਗਵੇਦੀ ਬਣਾਉਣ ਲਈ** ਦਿੱਤੀਆਂ ਗਈਆਂ ਹਿਦਾਇਤਾਂ ਅਤੇ ਇਸ ਦੇ ਵਿਵਰਣ ਵਿਚ ਕਿ ਕਿਵੇਂ ਹਿਦਾਇਤਾਂ ਦਾ ਪਾਲਣ ਕਿਵੇਂ ਕੀਤਾ ਗਿਆ ਸੀ ਇਸ ਦੇ ਵਿਚ ਕੋਈ ਮਹੱਤਵਪੂਰਣ ਅੰਤਰ ਨਹੀਂ ਹੈ (27:1-8 ਤੇ ਟਿੱਪਣੀਆਂ ਵੇਖੋ)।



ਪਿੱਤਲ ਦੀ ਜਗਵੇਦੀ ਦਾ ਪ੍ਰਤਿਰੂਪ (ਤਿਮਨਾ ਪਾਰਕ, ਇਸਰਾਏਲ)

## ਪਿੱਤਲ ਦਾ ਹੌਦ (38:8)

**[8]ਉਸ ਨੇ ਪਿੱਤਲ ਦਾ ਇੱਕ ਹੌਦ ਅਤੇ ਉਹ ਦੀ ਪਿੱਤਲ ਦੀ ਇੱਕ ਚੌਕੀ ਬਣਾਈ ਅਤੇ ਉਹ ਮੰਡਲੀ ਦੇ ਤੰਬੂ ਦੇ ਦਰਵੱਜੇ ਦੀਆਂ ਸੇਵਾ ਦਾਰਨੀਆਂ ਦਿਆਂ ਦਰਪਣਾਂ ਤੋਂ ਬਣਾਏ।**


**ਆਇਤ 8. ਹੌਦ** ਬਣਾਉਣ ਦੇ ਖਾਤੇ ਵਿਚ ਸਿਰਫ ਇੱਕ ਵਾਕ ਦੀ ਲੋੜ ਹੁੰਦੀ ਹੈ। ਇਸ ਦੀ ਉਸਾਰੀ ਦੀਆਂ ਹਿਦਾਇਤਾਂ (30:17-21), ਮਸਹ ਦੇ ਤੇਲ ਦੇ ਵਿਸ਼ੇ ਵਿਚ ਨਿਰਦੇਸ਼ਾਂ ਨੂੰ ਛੱਡ ਕੇ ਡੇਹਰੇ ਨੂੰ ਬਣਾਉਣ ਦੇ ਵਿਸ਼ੇ ਵਿਚ ਮੂਸਾ ਨੂੰ ਦਿੱਤੇ ਗਏ ਅੰਤਿਮ ਨਿਰਦੇਸ਼ ਸਨ।

ਦੋਵਾਂ ਹਵਾਲਿਆਂ ਵਿਚ ਫਰਕ ਇਹ ਹੈ ਕਿ 38:8 ਕਹਿੰਦੀ ਹੈ ਕਿ ਹੌਦ ਦਾ ਨਿਰਮਾਣ **ਮੰਡਲੀ ਦੇ ਤੰਬੂ ਦੇ ਦਰਵੱਜੇ ਦੀਆਂ ਸੇਵਾ ਦਾਰਨੀਆਂ ਦਿਆਂ ਦਰਪਣਾਂ ਤੋਂ ਬਣਾਏ** ਗਏ ਸਨ। ਪੁਰਾਣੇ ਨੇਮ ਵਿਚ ਅਜਿਹੀਆਂ ਇਸਤਰੀਆਂ ਦਾ ਜ਼ਿਕਰ ਸਿਰਫ ਇੱਕ ਹੋਰ ਸਥਾਨ ਤੇ ਕੀਤਾ ਗਿਆ ਹੈ: 1 ਸਮੂਏਲ 2:22 ਵਿਚ ਵਚਨ ਕਹਿੰਦਾ ਹੈ ਕਿ ਏਲੀ ਦੇ ਪੁੱਤਰ "ਉਨ੍ਹਾਂ ਤੀਵੀਆਂ ਨਾਲ ਜੋ ਮੰਡਲੀ ਦੇ ਡੇਰੇ ਦੇ ਬੂਹੇ ਕੋਲ ਸੇਵਾ ਕਰਦੀਆਂ ਇਕੱਠੀਆਂ ਹੁੰਦੀਆਂ ਸਨ ਸੰਗ ਕਰਦੇ ਸਨ।"

ਇਹ ਗੱਲ ਅਸਪੱਸ਼ਟ ਹੈ ਕਿ ਇਹ ਇਸਤਰੀਆਂ ਕੌਣ ਸਨ ਅਤੇ ਉਨ੍ਹਾਂ ਨੇ ਕਿਵੇਂ "ਸੇਵਾ" ਕੀਤੀ

ਸੀ। ਇਬਰਾਨੀ ਸ਼ਬਦ (ਅਙ੍ਹੜ਼, *ਸਾਬਾ)* ਤੋਂ ਇਹ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਉਸ ਸੇਵਾ ਦੇ ਲਈ ਆਯੋਜਿਤ ਕੀਤਾ ਗਿਆ ਸੀ ਜਿਸ ਦਾ ਉਨ੍ਹਾਂ ਨੇ ਪ੍ਰਦਰਸ਼ਣ ਕੀਤਾ ਸੀ; ਇਹੋ ਸ਼ਬਦ ਲੇਵੀ ਜਾਜਕਾਂ ਦੀ "ਟਹਿਲ ਸੇਵਾ" ਦੇ ਲਈ ਵਰਤਿਆ ਗਿਆ ਹੈ (ਗਿਣਤੀ 4:23; 8:24)।[2] ਟਿੱਪਣੀਕਾਰਾਂ ਨੇ ਸੁਝਾਅ ਦਿੱਤਾ ਹੈ ਕਿ ਇਸਤਰੀਆਂ ਦੀ ਇੱਕ ਮੰਡਲੀ ਹੈ ਜਿਨ੍ਹਾਂ ਨੂੰ ਡੇਹਰੇ ਦੇ ਕੰਪਲੈਕਸ ਦੀ ਸਾਂਭ-ਸੰਭਾਲ ਕਰਨ ਦੇ ਲਈ ਸਫਾਈ ਕਰਮਚਾਰੀਆਂ ਦੇ ਰੂਪ ਵਿਚ, ਧਾਰਮਿਕ ਸਭਾਵਾਂ ਵਿਚ ਗਾਇਕਾਂ ਅਤੇ ਨਾਚਾਰਾਂ ਦੇ ਰੂਪ ਵਿਚ (15:20, 21), ਜਾਂ ਦਰਬਾਰੀਆਂ ਦੇ ਰੂਪ ਵਿਚ ਨਿਯੁਕਤ ਕੀਤਾ ਗਿਆ ਸੀ।[3] 1 ਸਮੂਏਲ 2:22 ਦੇ ਕਾਰਣ, ਕੁੱਝ ਨੇ ਉਨ੍ਹਾਂ ਨੂੰ ਬਾਲ ਪੂਜਾ ਵਿਚ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਮੰਦਰਾਂ ਦੀਆਂ ਪੰਥ ਵੇਸਵਾਵਾਂ ਦੇ ਨਾਲ ਵੀ ਜੋੜਿਆ ਹੈ। ਪਰ, ਇਸ ਸੁਝਾਅ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਅਜਿਹਾ ਅਭਿਆਸ ਡੇਹਰੇ ਅਤੇ ਇਸ ਦੀ ਸੇਵਾ ਦੇ ਵਿਚ ਪਰਮੇਸ਼ੁਰ ਦੀ ਯੋਜਨਾ ਦੇ ਵਿਚ ਹੋ ਹੀ ਨਹੀਂ ਸੱਕਦਾ ਸੀ।[4]

ਕੁੱਝ ਵਿਦਵਾਨ ਵਿਸ਼ਵਾਸ ਕਰਦੇ ਹਨ ਕਿ ਮੰਡਲੀ ਦੇ ਤੰਬੂ ਵਿਚ ਸੇਵਾ ਕਰਨ ਵਾਲੀਆਂ ਇਨ੍ਹਾਂ ਇਸਤਰੀਆਂ ਦਾ ਹਵਾਲਾ ਇੱਕ ਕਲਪਨਾਵਾਦ ਹੈ। ਉਹ ਦਲੀਲ ਦਿੰਦੇ ਹਨ ਕਿ ਇਸਤਰੀਆਂ ਨੂੰ ਡੇਹਰੇ ਨੂੰ ਸਥਾਪਤ ਕੀਤੇ ਜਾਣ ਤੋਂ ਪਹਿਲਾਂ ਦੇ ਸਮੇਂ ਵਿਚ ਡੇਹਰੇ ਵਿਚ ਸੇਵਾ ਕਰਨ ਵਾਲੀਆਂ ਦੇ ਰੂਪ ਵਿਚ ਵਰਣਨ ਕੀਤਾ ਗਿਆ ਸੀ, ਜਿਸ ਨਾਲ ਬਿਆਨ ਅਣਇਤਿਹਾਸਕ ਹੋ ਜਾਂਦਾ ਹੈ।[5] ਇਸ ਕਾਲਪਨਿਕ ਮੁਸ਼ਕਲ ਦਾ ਸਭ ਤੋਂ ਸੰਭਾਵਤ ਹੱਲ ਇਹ ਹੈ ਕਿ ਇਹ ਇਸਤਰੀਆਂ ਪਹਿਲਾਂ ਵਾਲੇ "ਮੰਡਲੀ ਦੇ ਤੰਬੂ" ਵਿਚ ਜੋ ਮੂਸਾ ਦੇ ਦੁਆਰਾ ਇਸਤੇਮਾਲ ਕੀਤਾ ਜਾਂਦਾ ਸੀ (33:7) ਆਪਣੇ ਦਰਪਣ ਦਾਨ ਕਰਨ ਦੇ ਲਈ ਸੇਵਾ ਕਰਦੀਆਂ ਸਨ। ਫਿਰ, ਡੇਹਰੇ ਖੜੇ ਹੋ ਜਾਣ ਤੋਂ ਬਾਅਦ, ਉਹ ਉੱਥੇ ਉਸੇ ਰੂਪ ਵਿਚ ਸੇਵਾ ਕਰਦੀਆਂ ਸਨ।



ਪਿੱਤਲ ਦੇ ਹੌਦ ਦਾ ਇੱਕ ਪ੍ਰਤਿਰੂਪ (ਤਿਮਨਾ ਪਾਰਕ, ਇਸਰਾਏਲ)

"ਦਰਪਣ" ਜੋ ਅੱਜ ਕੱਚ ਦੇ ਬਣੇ ਹੁੰਦੇ ਹਨ, ਉਹ ਪੁਰਾਤਨ ਸਮਿਆਂ ਵਿਚ ਚਿਕਨਾਈ ਗਈ

ਧਾਤ ਦੇ ਦੁਆਰਾ ਬਣਾਏ ਜਾਂਦੇ ਸਨ, ਜੋ ਉਨ੍ਹਾਂ ਨੂੰ ਕੀਮਤੀ ਬਣਾਉਂਦੀ ਹੈ। ਫਰੈਡਰਿਕ ਦਾ ਵੇਰਵਾ ਦਿੱਤਾ: "ਕੁੱਝ ਸਿਰਫ ਗੋਲ ਸਤਹ ਵਾਲੇ ਹਨ; ਦੂਸਰਿਆਂ ਦੇ ਵਿਚ ਇੱਕ ਇਸਤਰੀ ਦੇ ਰੂਪ ਵਾਲੇ ਹੈਂਡਲ ਹੁੰਦੇ ਹਨ; ਬਾਕੀਆਂ ਦੇ ਵਿਚ ਪਦ-ਪੀਠ ਹੁੰਦੀ ਹੈ।"[6] ਸੇਵਾ ਕਰਨ ਵਾਲੀਆਂ ਇਸਤਰੀਆਂ ਦੁਆਰਾ ਇਨ੍ਹਾਂ ਪ੍ਰਤਿਬਿੰਬਾਂ ਦਾ ਦਾਨ ਸ਼ਾਇਦ ਇੱਕ ਬਹੁਤ ਵੱਡੀ ਕੁਰਬਾਨੀ ਦੀ ਪ੍ਰਤੀਨਿਧਤਾ ਕਰਦਾ ਹੈ। ਸ਼ਾਇਦ ਇਹੋ ਕਾਰਣ ਹੈ ਕਿ ਉਨ੍ਹਾਂ ਦਾ ਯੋਗਦਾਨ ਵਿਸ਼ੇਸ਼ ਧਿਆਨ ਦਿੱਤੇ ਜਾਣ ਦੇ ਯੋਗ ਹੈ।

## ਹਾਤਾ (38:9-20)

**9ਉਸ ਨੇ ਹਾਤਾ ਬਣਾਇਆ ਅਤੇ ਦੱਖਣ ਦੇ ਪਾਸੇ ਵੱਲ ਹਾਤੇ ਲਈ ਮਹੀਨ ਉਣੀ ਹੋਈ ਕਤਾਨ**
**ਦੀਆਂ ਕਨਾਤਾਂ ਸੌ ਹੱਥ ਬਣਾਈਆਂ। 10ਅਤੇ ਉਨ੍ਹਾਂ ਦੀਆਂ ਥੰਮ੍ਹੀਆਂ ਬੀਹ ਅਤੇ ਉਨ੍ਹਾਂ ਦੀਆਂ ਚੀਥੀਆਂ**
**ਬੀਹ ਪਿੱਤਲ ਦੀਆਂ ਸਨ ਅਤੇ ਥੰਮ੍ਹੀਆਂ ਦੇ ਕੁੰਡੇ ਅਤੇ ਉਨ੍ਹਾਂ ਦੇ ਕੜੇ ਚਾਂਦੀ ਦੇ ਸਨ। 11ਅਤੇ ਉੱਤਰ**
**ਦੇ ਪਾਸੇ ਵੱਲ ਸੌ ਹੱਥ। ਉਨ੍ਹਾਂ ਦੀਆਂ ਥੰਮ੍ਹੀਆਂ ਬੀਹ ਅਤੇ ਉਨ੍ਹਾਂ ਦੀਆਂ ਚੀਥੀਆਂ ਬੀਹ ਪਿੱਤਲ ਦੀਆਂ**
**ਸਨ ਅਤੇ ਉਨ੍ਹਾਂ ਥੰਮ੍ਹੀਆਂ ਦੇ ਕੁੰਡੇ ਅਤੇ ਕੜੇ ਚਾਂਦੀ ਦੇ ਸਨ। 12ਅਤੇ ਲਹਿੰਦੇ ਪਾਸੇ ਵੱਲ ਕਨਾਤਾਂ**
**ਪੰਜਾਹ ਹੱਥ ਸਨ। ਉਨ੍ਹਾਂ ਦੀਆਂ ਥੰਮ੍ਹੀਆਂ ਦਸ ਉਨ੍ਹਾਂ ਦੀਆਂ ਚੀਥੀਆਂ ਦਸ ਸਨ ਅਤੇ ਥੰਮ੍ਹੀਆਂ ਦੇ**
**ਕੁੰਡੇ ਅਰ ਕੜੇ ਚਾਂਦੀ ਦੇ ਸਨ। 13ਅਤੇ ਸਾਹਮਣੇ ਚੜ੍ਹਦੇ ਪਾਸੇ ਵੱਲ ਪੰਜਾਹ ਹੱਥ। 14ਵਰਵੱਜੇ**
**(ਦਰਵੱਜੇ) ਦੇ ਇੱਕ ਪਾਸੇ ਦੀਆਂ ਕਨਾਤਾਂ ਪੰਦਰਾਂ ਹੱਥ ਸਨ ਅਤੇ ਉਨ੍ਹਾਂ ਦੀਆਂ ਥੰਮ੍ਹੀਆਂ ਤਿੰਨ ਅਤੇ**
**ਉਨ੍ਹਾਂ ਦੀਆਂ ਚੀਥੀਆਂ ਤਿੰਨ ਸਨ। 15ਅਤੇ ਐਉਂ ਦੂਜੇ ਪਾਸੇ ਲਈ ਸੀ ਅਰਥਾਤ ਹਾਤੇ ਦੇ ਫਾਟਕ ਦੀ**
**ਦੋਹੀਂ ਪਾਸੀਂ ਪੰਦਰਾਂ ਹੱਥ ਦੀਆਂ ਕਨਾਤਾਂ ਸਨ ਅਤੇ ਉਨ੍ਹਾਂ ਦੀਆਂ ਥੰਮ੍ਹੀਆਂ ਤਿੰਨ ਅਤੇ ਉਨ੍ਹਾਂ ਦੀਆਂ**
**ਚੀਥੀਆਂ ਤਿੰਨ ਸਨ। 16ਹਾਤੇ ਦੇ ਚੌਹਾਂ ਪਾਸਿਆਂ ਦੀਆਂ ਕਨਾਤਾਂ ਉਣੀ ਹੋਈ ਕਤਾਨ ਦੀਆਂ ਸਨ।**
**17ਅਤੇ ਥੰਮ੍ਹੀਆਂ ਦੀਆਂ ਚੀਥੀਆਂ ਪਿੱਤਲ ਦੀਆਂ ਸਨ ਅਰ ਥੰਮ੍ਹੀਆਂ ਦੇ ਕੁੰਡੇ ਅਰ ਕੜੇ ਚਾਂਦੀ ਦੇ**
**ਸਨ ਅਤੇ ਉਨ੍ਹਾਂ ਦੇ ਸਿਰਿਆਂ ਦਾ ਮੜ੍ਹ ਚਾਂਦੀ ਦਾ ਸੀ ਅਤੇ ਹਾਤੇ ਦੀਆਂ ਸਾਰੀਆਂ ਥੰਮ੍ਹੀਆਂ ਚਾਂਦੀ**
**ਨਾਲ ਮੜ੍ਹੀਆਂ ਹੋਈਆਂ ਸਨ। 18ਹਾਤੇ ਦੇ ਫਾਟਕ ਲਈ ਇੱਕ ਓਟ ਨੀਲੇ ਬੈਂਗਣੀ ਅਤੇ ਕਿਰਮਚੀ**
**ਮਹੀਨ ਉਣੇ ਹੋਏ ਕਤਾਨ ਦੀ ਸੀ ਅਤੇ ਉਹ ਕਸੀਦੇਕਾਰ ਦਾ ਕੰਮ ਸੀ। ਉਹ ਦੀ ਲੰਬਾਈ ਬੀਹ ਹੱਥ**
**ਅਤੇ ਉਹ ਦੀ ਉਚਾਈ ਚੁੜਾਈ ਜਿੰਨੀ ਪੰਜ ਹੱਥ ਹਾਤੇ ਦੀਆਂ ਕਨਾਤਾਂ ਵਾਂਙੁ ਸੀ। 19ਉਨ੍ਹਾਂ ਦੀਆਂ**
**ਥੰਮ੍ਹੀਆਂ ਚਾਰ ਅਤੇ ਉਨ੍ਹਾਂ ਦੀਆਂ ਚੀਥੀਆਂ ਚਾਰ ਪਿੱਤਲ ਦੀਆਂ ਸਨ। ਉਨ੍ਹਾਂ ਦੇ ਕੁੰਡੇ ਚਾਂਦੀ ਦੇ**
**ਅਤੇ ਉਨ੍ਹਾਂ ਦੇ ਸਿਰਿਆਂ ਦਾ ਮੜ੍ਹ ਅਤੇ ਉਨ੍ਹਾਂ ਦੇ ਕੜੇ ਚਾਂਦੀ ਦੇ ਸਨ। 20ਡੇਹਰੇ ਅਤੇ ਹਾਤੇ ਦੇ ਆਲੇ**
**ਦੁਆਲੇ ਦੀਆਂ ਸਾਰੀਆਂ ਕੀਲੀਆਂ ਪਿੱਤਲ ਦੀਆਂ ਸਨ।**

**ਆਇਤਾਂ 9-20.** ਇਹ ਕਹਿਣਾ ਕਿ ਇਹ ਹਵਾਲਾ ਵਿਹੜੇ ਦੀ ਉਸਾਰੀ ਦੇ ਵਿਸ਼ੇ ਵਿਚ ਹੈ ਸ਼ਾਇਦ ਗੁਮਰਾਹ ਕਰਨ ਵਾਲਾ ਹੋ ਸਕਦਾ ਹੈ। ਤੰਬੂ ਦੇ ਚਾਰਾਂ ਪਾਸਿਆਂ ਦਾ ਖੇਤਰ ਉਸ ਸਮੇਂ ਡੇਹਰੇ ਦਾ ਹਾਤਾ ਬਣ ਗਿਆ ਜਦੋਂ ਇਹ ਇੱਕ ਦੀਵਾਰ ਦੇ ਨਾਲ ਘਿਰਿਆ ਹੋਇਆ ਸੀ। ਕੂਚ 27:9-19 ਉਸ ਕੰਧ ਦੀ ਉਸਾਰੀ ਦੇ ਲਈ ਦਿਸ਼ਾ-ਨਿਰਦੇਸ਼ ਦਿੰਦਾ ਹੈ, ਜਦਕਿ 38:9-20 ਉਸ ਕੰਧ ਦੀ ਉਸਾਰੀ ਦੇ ਜਦਕਿ 38:9-20 ਦੱਸਦਾ ਹੈ ਕਿ ਉਨ੍ਹਾਂ ਨਿਰਦੇਸ਼ਾਂ ਦਾ ਪਾਲਣ ਕਿਵੇਂ ਕੀਤਾ ਗਿਆ ਸੀ। ਅਧਿਆਇ 38 ਵਿਚ ਇਸ ਦੇ ਨਿਰਮਾਣ ਦਾ ਬਿਰਤਾਂਤ ਪਹਿਲਾਂ ਦਿੱਤੇ ਗਏ ਬਿਰਤਾਂਤ ਤੋਂ ਕਾਫੀ ਅਲੱਗ ਨਹੀਂ ਹੈ। ਮਾਮੂਲੀ ਅੰਤਰ ਸਿਰਫ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਬਾਅਦ ਵਾਲਾ ਹਵਾਲਾ ਪੂਰਵ ਹਵਾਲੇ ਦਾ ਸਟੀਕ ਪ੍ਰਤਿਰੂਪ ਨਹੀਂ ਹੈ। (27:9-19 ਤੇ ਟਿੱਪਣੀਆਂ ਵੇਖੋ।)

ਹਾਤੇ ਦੇ ਪੂਰੇ ਹੋ ਜਾਣ ਦੇ ਨਾਲ, ਜਿਸ ਵਿਚ ਹੋਮ ਦੀ ਬਲੀ ਦੀ ਜਗਵੇਦੀ ਅਤੇ ਹੌਦ ਖੜਾ ਸੀ, ਡੇਹਰੇ ਦੀ ਉਸਾਰੀ ਲਗਭਗ ਆਪਣੇ ਆਪ ਵਿਚ ਲਗਭਗ ਪੂਰੀ ਹੋ ਗਈ ਸੀ।

## ਡੇਹਰੇ ਦਾ ਲੇਖਾ (38:21-30)

ਇਸ ਤੋਂ ਬਾਅਦ, ਲਿਖਤ ਇਸ ਗੱਲ ਦੀ ਜਾਣਕਾਰੀ ਦਿੰਦੀ ਹੈ ਕਿ ਡੇਹਰੇ ਇਹ ਉਨ੍ਹਾਂ ਲੋਕਾਂ ਦੇ ਨਾਲ ਸ਼ੁਰੂ ਹੁੰਦਾ ਹੈ ਜਿਨ੍ਹਾਂ ਨੇ ਦਾਨ ਇਕੱਠਾ ਕਰਨ ਜਾਂ ਡੇਹਰੇ ਨੂੰ ਬਣਾਉਣ ਵਿਚ ਅਗਵਾਈ ਕੀਤੀ ਸੀ (38:21-23) ਅਤੇ ਫਿਰ ਇਸ ਗੱਲ ਨਾਲ ਸੰਬੰਧਤ ਹੈ ਕਿ ਕਿੰਨਾ ਦਿੱਤਾ ਗਿਆ ਸੀ ਅਤੇ ਇਸ ਨੂੰ ਕਿਵੇਂ ਇਸਤੇਮਾਲ ਕੀਤਾ ਗਿਆ ਸੀ (38:24-30)।

**ਆਗੂ (38:21-23)**

**[21]ਏਹ ਡੇਹਰੇ ਦਾ ਲੇਖਾ ਹੈ ਅਰਥਾਤ ਸਾਖੀ ਦੇ ਡੇਹਰੇ ਦਾ ਜਿਵੇਂ ਉਹ ਮੂਸਾ ਦੇ ਹੁਕਮ ਅਨੁਸਾਰ ਲੇਵੀਆਂ ਦੀ ਉਪਾਸਨਾ ਦੇ ਕੰਮ ਲਈ ਹਾਰੂਨ ਜਾਜਕ ਦੇ ਪੁੱਤ੍ਰ ਈਥਾਮਾਰ ਦੇ ਰਾਹੀਂ ਗਿਣਿਆ ਗਿਆ।**
**[22]ਸੋ ਹੂਰ ਦੇ ਪੋਤ੍ਰੇ ਅਰ ਊਰੀ ਦੇ ਪੁੱਤ੍ਰ ਬਸਲਏਲ ਨੇ ਜਿਹੜਾ ਯਹੂਦਾਹ ਦੇ ਗੋਤ ਦਾ ਸੀ ਜੋ ਕੁਝ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ ਬਣਾਇਆ। [23]ਉਹ ਦੇ ਨਾਲ ਆਹਾਲੀਆਬ ਅਹੀਸਮਕ ਦਾ ਪੁੱਤ੍ਰ ਸੀ ਜਿਹੜਾ ਦਾਨ ਦੇ ਗੋਤ ਦਾ ਸੀ। ਉਹ ਚਤੇਰਾ ਅਰ ਕਾਰੀਗਰ ਅਤੇ ਨੀਲੇ ਬੈਂਗਣੀ ਕਿਰਮਚੀ ਮਹੀਨ ਕਤਾਨ ਦਾ ਕਸੀਦੇਕਾਰ ਸੀ।**

**ਆਇਤ 21.** ਮੁਨੀਮ ਦਾ ਸਾਰ ਇੱਕ ਵਾਕ ਨਾਲ ਸ਼ੁਰੂ ਹੁੰਦਾ ਹੈ ਜੋ ਇਸ ਖੰਡ ਦੇ ਬਿੰਦੂ ਦੀ ਘੋਸ਼ਣਾ ਕਰਦਾ ਹੈ: **ਏਹ ਡੇਹਰੇ ਦਾ ਲੇਖਾ ਹੈ** ਉਨ੍ਹਾਂ ਸਾਰੇ ਲੋਕਾਂ ਕੋਲੋਂ ਕਰ ਦੇ ਰੂਪ ਇਕੱਠੀਆਂ ਕੀਤੀਆਂ ਗਈਆਂ ਚੀਜ਼ਾਂ ਜਿਨ੍ਹਾਂ ਨੂੰ **ਗਿਣਿਆ ਗਿਆ** ਸੀ। ਇਹ ਆਮਦਨ ਉਸ ਮਰਦਮਸ਼ੁਮਾਰੀ ਦਾ ਸਿੱਟਾ ਸੀ ਜਿਸ ਦਾ ਪਹਿਲਾਂ ਪਰਮੇਸ਼ੁਰ ਦੇ ਰਾਹੀਂ ਹੁਕਮ ਦਿੱਤਾ ਗਿਆ ਸੀ (30:11-16)। ਕਰ ਦੀ ਜ਼ਰੂਰੀ ਰਾਸ਼ੀ ਤੋਂ ਇਲਾਵਾ, ਖਾਤੇ ਵਿਚ ਇਸਰਾਏਲੀਆਂ ਦੇ ਰਾਹੀਂ ਸਵੈ-ਇੱਛਾ ਨਾਲ ਦਿੱਤੀਆਂ ਗਈਆਂ ਵੱਖ ਵੱਖ ਵਸਤੂਆਂ ਦੇ ਮੁੱਲ ਦਾ ਵੀ ਵੇਰਵਾ ਦਿੱਤਾ ਗਿਆ ਹੈ (38:24, 29)। 25:1-7 ਵਿਚ ਬੋਲੇ ਗਏ ਸਵੈ-ਇੱਛਾ ਦੇ ਦਾਨ ਨੂੰ 35:21-29 ਅਤੇ 36:3-7 ਵਿਚ ਦਿੱਤਾ ਗਿਆ ਸੀ।

**ਈਥਾਮਾਰ ਦੇ ਰਾਹੀਂ** ਭਾਵ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਲੇਖਾ ਜੋਖਾ ਉਸ ਦੀ ਦੇਖ-ਰੇਖ ਵਿਚ ਕੀਤਾ ਗਿਆ ਸੀ।[7] ਈਥਾਮਾਰ ਹਾਰੂਨ ਦੇ ਪੁੱਤਰਾਂ ਵਿਚੋਂ ਇੱਕ ਸੀ ਅਤੇ ਉਸ ਨੇ ਇੱਕ ਜਾਜਕ ਦੇ ਰੂਪ ਵਿਚ ਸੇਵਾ ਕੀਤੀ (6:23; 28:1; ਲੇਵੀਆਂ 10:6, 12, 16)। ਜੌਨ ਆਈ. ਡਰਹਮ ਨੇ ਕਿਹਾ ਕਿ ਈਥਾਮਾਰ "ਵਸਤੂ-ਸੂਚੀ ਲੈਣ ਵਾਲਿਆਂ ਦਾ ਇੰਚਾਰਜ" ਸੀ ਅਤੇ 7:1-8 ਦਾ ਹਵਾਲਾ ਦਿੱਤਾ ਗਿਆ ਹੈ, ਜਿੱਥੇ ਈਥਾਮਾਰ ਨੂੰ ਇੱਕ ਹੋਰ ਪ੍ਰਬੰਧਕੀ ਕਾਰਜ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ।[8]

**ਲੇਵੀਆਂ ਦੀ ਉਪਾਸਨਾ ਦੇ ਕੰਮ ਲਈ** ਪ੍ਰਗਟਾਵਾ ਅਨੁਚਿਤ ਲੱਗਦਾ ਹੈ, ਕਿਉਂਕਿ ਲੇਵੀਆਂ ਨੇ ਡੇਹਰੇ ਦੇ ਸੰਬੰਧ ਵਿਚ ਅਜੇ ਤੱਕ ਆਪਣੀ ਸੇਵਾ ਸ਼ੁਰੂ ਨਹੀਂ ਕੀਤੀ ਸੀ। ਇਸ ਲਈ, ਕੁੱਝ ਵਿਦਵਾਨ ਇਹ ਸਿੱਟਾ ਕੱਢਦੇ ਹਨ ਕਿ "38:21-31 ਇਸ ਦੇ ਨਾਲ ਸੰਬੰਧਤ ਨਹੀਂ ਹੈ, ਜਾਂ ਇਹ ਆਇਤ ਇੱਕ ਅਜਿਹੀ ਗੱਲ ਨਾਲ ਸੰਬੰਧਤ ਹੈ ਜੋ ਬਾਅਦ ਵਿਚ ਵਾਪਰੀ ਸੀ।"[9] ਪਰ, ਲੇਵੀਆਂ ਨੇ ਪਹਿਲਾਂ ਤੋਂ ਹੀ ਆਪਣੇ ਆਪ ਨੂੰ ਵੱਖਰਾ ਕਰ ਲਿਆ ਸੀ (32:26-28) ਅਤੇ ਪਹਿਲਾਂ ਹੀ ਪ੍ਰਭੂ ਨੂੰ ਸਮਰਪਿਤ ਹੋ ਚੁੱਕੇ ਸਨ (32:29)। ਇਸ ਲਈ, ਇਹ ਮੰਨਣਾ ਉਚਿਤ ਹੈ ਕਿ ਉਨ੍ਹਾਂ ਦੀ ਸੇਵਾ ਅਸਲ ਵਿਚ ਸ਼ੁਰੂ ਹੋ ਗਈ ਸੀ - ਅਰਥਾਤ, ਈਥਾਮਾਰ ਦੀ ਦੇਖ ਰੇਖ ਵਿਚ, ਉਨ੍ਹਾਂ ਨੂੰ ਡੇਹਰੇ ਦੇ ਲਈ ਦਿੱਤੀਆਂ ਗਈਆਂ ਵਸਤੂਆਂ ਦਾ ਲੇਖਾ ਰੱਖਣ ਦਾ ਕੰਮ ਦਿੱਤਾ ਗਿਆ ਸੀ।

**ਆਇਤਾਂ 22, 23.** ਤੰਬੂ ਦੇ ਨਿਰਮਾਣ ਵਿਚ ਸਭ ਤੋਂ ਜ਼ਿੰਮੇਵਾਰ ਲੋਕਾਂ ਦੇ ਨਾਮ ਦੁਬਾਰਾ ਦਿਖਾਈ ਦਿੰਦੇ ਹਨ: **ਬਸਲਏਲ** ਤੇ **ਆਹਾਲੀਆਬ।** ਬਸਲਏਲ ਬਸਲਏਲ ਡੇਹਰੇ ਦੇ ਬਣਾਉਣ ਦੇ

ਕੰਮ ਦਾ ਆਗੂ ਸੀ, ਜਦਕਿ ਆਹਾਲੀਆਬ ਉਸ ਦੇ ਸਹਾਇਕ ਦੇ ਰੂਪ ਵਿਚ ਕੰਮ ਕਰਦਾ ਸੀ (31:1-6; 35:30-35 ਤੇ ਟਿੱਪਣੀਆਂ ਵੇਖੋ)।

### ਦਿੱਤੀ ਗਈ ਰਕਮ (38:24-30)

**[24]ਸਾਰਾ ਸੋਨਾ ਜਿਹੜਾ ਪਵਿੱਤ੍ਰ ਅਸਥਾਨ ਦੇ ਕੰਮ ਦੇ ਵਰਤਣ ਵਿੱਚ ਆਇਆ ਅਰਥਾਤ ਭੇਟ ਦਾ ਸੋਨਾ ਉੱਨਤੀ ਕਿੱਕਾਰ ਅਤੇ ਸੱਤ ਸੌ ਤੀਹ ਸ਼ਕਲ ਪਵਿੱਤ੍ਰ ਅਸਥਾਨ ਦੇ ਸ਼ਕਲ ਅਨੁਸਾਰ ਹੋਇਆ। [25]ਅਤੇ ਮੰਡਲੀ ਦੇ ਲੋਕਾਂ ਦੀ ਚਾਂਦੀ ਜਿਨ੍ਹਾਂ ਦਾ ਲੇਖਾ ਹੋਇਆ ਇੱਕ ਸੌ ਕਿੱਕਾਰ ਅਤੇ ਇੱਕ ਹਜ਼ਾਰ ਸੱਤ ਸੌ ਪਛੱਤ੍ਰ ਸ਼ਕਲ ਪਵਿੱਤ੍ਰ ਅਸਥਾਨ ਦੇ ਸ਼ਕਲ ਅਨੁਸਾਰ ਸੀ। [26]ਅਰਥਾਤ ਜੀਆਂ ਪਰਤੀ ਅੱਧਾ ਸ਼ਕਲ ਪਵਿੱਤ੍ਰ ਅਸਥਾਨ ਦੇ ਸ਼ਕਲ ਅਨੁਸਾਰ ਉਨ੍ਹਾਂ ਸਾਰਿਆਂ ਤੋਂ ਜਿਹੜੇ ਗਿਣਿਆਂ ਹੋਇਆਂ ਵਿੱਚ ਰਲਦੇ ਸਨ ਲਿਆ ਜਿਹੜੇ ਬੀਹ ਵਰਿਹਾਂ ਦੇ ਅਤੇ ਉੱਤੇ ਦੇ ਸਨ ਓਹ ਛੇ ਲੱਖ ਤਿੰਨ ਹਜ਼ਾਰ ਪੰਜ ਸੌ ਪੰਜਾਹ ਸਨ। [27]ਅਤੇ ਚਾਂਦੀ ਦੇ ਸੌ ਕਿੱਕਾਰ ਪਵਿੱਤ੍ਰ ਅਸਥਾਨ ਦੀਆਂ ਚੀਥੀਆਂ ਅਤੇ ਪੜਦੇ ਦੀਆਂ ਚੀਥੀਆਂ ਲਈ ਵਰਤੇ ਗਏ ਅਰਥਾਤ ਸੌ ਚੀਥੀਆਂ ਸੌ ਕਿੱਕਾਰ ਇੱਕ ਚੀਥੀ ਇੱਕ ਕਿੱਕਾਰ। [28]ਅਤੇ ਇੱਕ ਹਜ਼ਾਰ ਸੱਤ ਸੌ ਪਛੱਤ੍ਰ ਸ਼ਕਲ ਤੋਂ ਉਸ ਨੇ ਥੰਮ੍ਹੀਆਂ ਦੇ ਕੁੰਡੇ ਬਣਾਏ ਅਤੇ ਉਨ੍ਹਾਂ ਦੇ ਸਿਰਿਆਂ ਨੂੰ ਮੜ੍ਹਿਆ ਅਤੇ ਉਨ੍ਹਾਂ ਦੇ ਕੜੇ ਬਣਾਏ। [29]ਭੇਟ ਦਾ ਪਿੱਤਲ ਸੱਤਰ ਕਿੱਕਾਰ ਅਤੇ ਦੋ ਹਜ਼ਾਰ ਚਾਰ ਸੌ ਸ਼ਕਲ ਸੀ। [30]ਉਸ ਤੋਂ ਉਹ ਨੇ ਮੰਡਲੀ ਦੇ ਤੰਬੂ ਦੇ ਦਰਵੱਜੇ ਦੀਆਂ ਚੀਥੀਆਂ ਅਤੇ ਪਿੱਤਲ ਦੀ ਜਗਵੇਦੀ ਅਤੇ ਉਸ ਦੀ ਪਿੱਤਲ ਦੀ ਝੰਜਰੀ ਅਤੇ ਜਗਵੇਦੀ ਦੇ ਸਾਰੇ ਭਾਂਡੇ ਬਣਾਏ ਨਾਲੇ ਹਾਤੇ ਦੇ ਚੌਹਾਂ ਪਾਸਿਆਂ ਦੀਆਂ ਚੀਥੀਆਂ ਅਤੇ ਹਾਤੇ ਦੇ ਫਾਟਕ ਦੀਆਂ ਚੀਥੀਆਂ ਅਤੇ ਡੇਹਰੇ ਦੀਆਂ ਸਾਰੀਆਂ ਕੀਲੀਆਂ ਅਤੇ ਹਾਤੇ ਦੇ ਚੌਹਾਂ ਪਾਸਿਆਂ ਦੀਆਂ ਕੀਲੀਆਂ।**

ਦਿੱਤੀਆਂ ਗਈਆਂ ਕੀਮਤੀ ਧਾਤਾਂ ਨੂੰ ਉਨ੍ਹਾਂ ਦੇ ਮੁੱਲ ਦੇ ਅਨੁਸਾਰ ਸਭ ਤੋਂ ਕੀਮਤੀ ਤੋਂ ਸਭ ਤੋਂ ਛੋਟੇ ਕ੍ਰਮ ਦੇ ਅਨੁਸਾਰ ਪੇਸ਼ ਕੀਤਾ ਜਾਂਦਾ ਹੈ: ਸੋਨਾ, ਚਾਂਦੀ, ਅਤੇ ਪਿੱਤਲ। ਜਦਕਿ ਸਾਰਾ ਡੇਹਰੇ ਦਾ ਕੰਪਲੈਕਸ ਪਵਿੱਤਰ ਸੀ, ਪਰ ਵਸਤੂਆਂ ਨੂੰ ਉਨ੍ਹਾਂ ਦੀ ਪਵਿੱਤਰਤਾ ਦੀ ਡਿਗਰੀ ਦੇ ਅਨੁਰੂਪ ਸਮੱਗਰੀ ਤੋਂ ਬਣਾਇਆ ਗਿਆ ਸੀ: ਪਿੱਤਲ (ਪਵਿੱਤਰ), ਚਾਂਦੀ (ਉਸ ਤੋਂ ਪਵਿੱਤਰ), ਅਤੇ ਸੋਨਾ (ਸਭ ਤੋਂ ਪਵਿੱਤਰ)।

**ਆਇਤ 24.** ਸਭ ਤੋਂ ਵੱਧ ਕੀਮਤੀ ਧਾਤ, **ਸੋਨਾ**, ਵੱਡੇ ਪੈਮਾਨੇ ਤੇ **ਪਵਿੱਤ੍ਰ ਅਸਥਾਨ** ਦੇ ਭਾਂਡਿਆਂ ਵਿਚ ਵਰਤਿਆ ਗਿਆ ਸੀ। ਦਾਨਾਂ ਨੂੰ ਇੱਕ **ਭੇਟ** (תְּנוּפָה, *ਥੇਨੂਪਾ)* ਦੇ ਰੂਪ ਵਿਚ ਦਰਸਾਇਆ ਜਾਂਦਾ ਹੈ ਜੋ, ਇਸ ਪ੍ਰਸੰਗ ਵਿਚ, "ਸਵੈ-ਇੱਛਾ ਨਾਲ ਦਿੱਤੇ ਗਏ ਚੜ੍ਹਾਵੇ" ਦੇ ਬਰਾਬਰ ਹੈ। ਇਨ੍ਹਾਂ ਚੜ੍ਹਾਵਿਆਂ ਦਾ ਲੇਖਾ 35:22 ਵਿਚ ਪਾਇਆ ਜਾਂਦਾ ਹੈ: "ਮਨੁੱਖ ਅਤੇ ਉਨ੍ਹਾਂ ਦੇ ਨਾਲ ਤੀਵੀਆਂ ਆਈਆਂ ਅਤੇ ਮਨ ਦੀ ਭਾਉਣੀ ਨਾਲ ਜੁਗਨੀਆਂ ਨਥਾਂ ਛਾਪਾਂ ਅਤੇ ਹਾਰ ਸਾਰੇ ਸੋਨੇ ਦੇ ਗਹਿਣੇ ਲਿਆਏ ਅਰ ਸਾਰੇ ਮਨੁੱਖਾਂ ਨੇ ਯਹੋਵਾਹ ਲਈ ਸੋਨੇ ਦੀਆਂ ਭੇਟਾਂ ਦਿੱਤੀਆਂ।"

**ਆਇਤਾਂ 25-28.** ਇਸ ਤੋਂ ਬਾਅਦ, ਹਰ ਬਾਲਗ ਇਸਰਾਏਲੀ ਨਰ ਦੇ ਦੁਆਰਾ ਕਰ ਦੇ ਰੂਪ ਵਿਚ **ਚਾਂਦੀ** ਦਿੱਤੀ ਜਾਂਦੀ ਸੀ। ਇਹ ਕੀਮਤੀ ਧਾਤ **ਪਵਿੱਤ੍ਰ ਅਸਥਾਨ ਦੀਆਂ ਚੀਥੀਆਂ ਅਤੇ ਪੜਦੇ ਦੀਆਂ ਚੀਥੀਆਂ ਲਈ ਵਰਤੇ ਗਏ (ਵਰਤੀ ਗਈ)**, ਅਤੇ ਇਸ ਦੇ ਨਾਲ ਨਾਲ **ਥੰਮੀਆਂ ਦੇ ਕੁੰਡੇ** ਬਣਾਉਣ ਦੇ ਲਈ ਵਰਤੀ ਗਈ।

ਪੀਟਰ ਐਨਸ ਨੇ ਜਨਗਣਨਾ ਅਤੇ ਦਿੱਤੀ ਗਈ ਚਾਂਦੀ ਦੀ ਮਾਤਰਾ ਦੇ ਵਿਚਕਾਰ ਗਣਿਤਕ ਸੰਬੰਧ ਨੂੰ ਸਮਝਾਇਆ:

> ਹਰੇਕ ਇਸਰਾਏਲੀ ਨੇ ਜਿਸ ਨੇ ਲਾਲ ਸਮੁੰਦਰ ਨੂੰ ਪਾਰ ਕੀਤਾ ਸੀ ਇੱਕ ਬੀਕਾ (=1\2 ਸ਼ਕਲ) ਦਿੱਤਾ। ਇੱਕ ਸੌ ਤੋੜੇ ਅਤੇ 1,775 ਸ਼ਕਲ 301,775 ਸ਼ਕਲ ਹੁੰਦਾ ਹੈ (ਇੱਕ ਤੋੜਾ=3000 ਸ਼ਕਲ, ਇਸ ਲਈ 100 ਤੋੜੇ=300,000 ਸ਼ਕਲ)। ਕਿਉਂਕਿ ਇੱਕ ਬੀਕਾ 1\2 ਸ਼ਕਲ ਦੇ ਬਰਾਬਰ ਹੈ ਇਸ ਲਈ ਇਸਰਾਏਲੀ ਪੁਰਖਾਂ ਦੀ ਸੰਖਿਆ ਜਿਨ੍ਹਾਂ ਨੇ ਲਾਲ ਸਮੁੰਦਰ ਨੂੰ ਪਾਰ ਕੀਤਾ (ਆਇਤ 26 ਦੇ "ਉਨ੍ਹਾਂ ਸਾਰਿਆਂ" ਪੁਰਖਾਂ ਨੂੰ ਉਸੇ ਤਰ੍ਹਾਂ ਲਿਆ ਜਾਣਾ ਹੈ) ਸ਼ਕਲਾਂ ਦਾ ਦੁੱਗਣਾ ਹੈ, ਇਸ ਲਈ ਇਹ ਗਿਣਤੀ 603,550 ਹੈ।[10]

ਇਹ ਸੰਖਿਆ ਉਹੀ ਹੈ ਜੋ ਗਿਣਤੀ 1:46 ਵਿਚ ਦਰਜ ਜਨਗਣਨਾ ਵਿਚ ਗਿਣੇ ਗਏ ਪੁਰਖਾਂ ਦੀ ਹੈ। ਜਨਗਣਨਾ ਦੀਆਂ ਹਿਦਾਇਤਾਂ ਜਿਨ੍ਹਾਂ ਦਾ ਸਿੱਟਾ ਦਿੱਤੀ ਗਈ ਸੰਖਿਆ ਹੈ ਉਹ 30:11-16 ਵਿਚ ਪਾਇਆ ਜਾਂਦਾ ਹੈ। ਇਹ ਜਨਗਣਨਾ ਡੇਹਰੇ ਦੇ ਬਣਾਏ ਜਾਣ ਤੋਂ ਪਹਿਲਾਂ ਕੀਤੀ ਗਈ ਸੀ। ਗਿਣਤੀ ਅਧਿਆਇ 1 ਦੀ ਜਨਗਣਨਾ ਡੇਹਰੇ ਦੇ ਸੰਪੂਰਣ ਹੋਣ ਤੋਂ ਇੱਕ ਮਹੀਨਾ ਪਹਿਲਾਂ ਕੀਤੀ ਗਈ ਸੀ। ਇਸ ਪ੍ਰਕਾਰ, ਦੋ ਜਨਗਣਨਾਵਾਂ, ਜੋ ਕਈ ਮਹੀਨਿਆਂ ਦੇ ਫਰਕ ਵਿਚ ਕੀਤੀਆਂ ਗਈਆਂ, ਇੱਕੋ ਆਧਾਰ ਸੰਖਿਆ ਨੂੰ ਪ੍ਰਾਪਤ ਕਰਦੀਆਂ ਹਨ। ਵਿਲਬਰ ਫੀਲਡਸ ਨੇ ਸੁਝਾਅ ਦਿੱਤਾ ਕਿ ਪਹਿਲੀ ਜਨਗਣਨਾ ਦੂਸਰੀ ਦੇ ਲਈ ਤਿਆਰ ਕੀਤੀ ਗਈ ਸੀ, ਜੋ ਸਪੱਸ਼ਟ ਤੌਰ ਤੇ ਇੱਕੋ ਦਿਨ ਵਿਚ ਲਈ ਗਈ ਸੀ।[11]

**ਆਇਤਾਂ 29-30.** ਸੂਚੀਬੱਧ ਆਖਰੀ ਕੀਮਤੀ ਧਾਤ **ਪਿੱਤਲ** ਹੈ, ਜਿਸ ਨੂੰ **ਮੰਡਲੀ ਦੇ ਤੰਬੂ ਦੇ ਦਰਵੱਜੇ ਦੀਆਂ ਚੀਥੀਆਂ ਅਤੇ ਪਿੱਤਲ ਦੀ ਜਗਵੇਦੀ** ਅਤੇ ਉਸ ਦੀ **ਪਿੱਤਲ ਦੀ ਝੰਜਰੀ ਅਤੇ** ਇਸ ਦੇ **ਸਾਰੇ ਭਾਂਡੇ**, **ਹਾਤੇ ਦੇ ਚੌਹਾਂ ਪਾਸਿਆਂ ਦੀਆਂ ਚੀਥੀਆਂ ਅਤੇ ਹਾਤੇ ਦੇ ਫਾਟਕ ਦੀਆਂ ਚੀਥੀਆਂ ਅਤੇ ਡੇਹਰੇ ਦੀਆਂ ਸਾਰੀਆਂ ਕੀਲੀਆਂ ਅਤੇ ਹਾਤੇ ਦੇ ਚੌਹਾਂ ਪਾਸਿਆਂ ਦੀਆਂ ਕੀਲੀਆਂ** ਬਣਾਉਣ ਦੇ ਲਈ ਇਸਤੇਮਾਲ ਕੀਤਾ ਗਿਆ ਸੀ। ਜਿਵੇਂ ਸੋਨੇ ਦੇ ਮਾਮਲੇ ਵਿਚ ਹੈ, ਪਿੱਤਲ ਦੇ ਦਾਨ ਨੂੰ ਵੀ **ਭੇਟ** ਦੇ ਰੂਪ ਵਿਚ ਦਰਸਾਇਆ ਗਿਆ ਹੈ (38:24 ਤੇ ਟਿੱਪਣੀਆਂ ਵੇਖੋ)। ਜਿਵੇਂ ਸੋਨੇ ਦੇ ਮਾਮਲੇ ਵਿਚ ਸੀ, ਪਿੱਤਲ ਦਾ ਦਾਨ ਵੀ ਇੱਕ ਵਾਰ ਫਿਰ ਪਿੱਤਲ ਦੇ ਲੇਖ ਸਵੈ-ਇੱਛਾ ਨਾਲ ਦਿੱਤਾ ਗਿਆ ਦਾਨ ਹੈ (35:24)।

ਸੋਨੇ, ਚਾਂਦੀ, ਅਤੇ ਪਿੱਤਲ ਦੇ ਭਾਰ ਵੀ ਐਨਸ ਦੇ ਦੁਆਰਾ ਹਿਸਾਬ ਕੀਤਾ ਗਿਆ ਸੀ:

> ਇੱਕ ਤੋੜੇ ਵਿਚ 300 ਸ਼ਕਲ ਲੱਗਦੇ ਸਨ। ਸੂਚੀਬੱਧ ਸਮੱਗਰੀ ਦਾ ਲਗਭਗ ਤੋਲ, ਅੱਜ ਦੇ ਮਾਪ ਵਿਚ, ਇਸ ਪ੍ਰਕਾਰ ਹੈ: 2,193.25 ਪੌਂਡ ਸੋਨਾ, 7,544.38 ਪੌਂਡ ਚਾਂਦੀ, 5,310 ਪੌਂਡ ਪਿੱਤਲ। ਇਸ ਨੂੰ ਸੰਭਾਵਨਾ ਵਿਚ ਰੱਖਣ ਦੇ ਲਈ, ਉਨ੍ਹਾਂ ਸਾਰੀਆਂ ਕੀਮਤੀ ਧਾਤਾਂ ਦਾ ਕੁੱਲ ਭਾਰ ਲਗਭਗ 15,000 ਪੌਂਡ ਸੀ। ਸਾਰ ਵਿਚ ਇਹ ਇੱਕ ਬਹੁਤ ਭਾਰੀ ਰਾਸ਼ੀ ਦੇ ਵਾਂਗ ਜਾਪ ਸਕਦਾ ਹੈ ਪਰ ਹਰੇਕ ਬਾਲਗ ਇਸਰਾਏਲੀ ਨਰ ਦੇ ਹਿੱਸੇ ਲਗਭਗ .025 ਪੌਂਡ ਹੀ ਆਉਂਦਾ ਹੈ - ਸਿਰਫ ਜੇਬ ਵਿਚ ਫਰਕ ਪਿਆ ਹੈ। ਸੁਝਾਅ ਦੇਣ ਦੀ ਕੋਈ ਲੋੜ ਨਹੀਂ ਹੈ, ਜਿਵੇਂ ਕਈਆਂ ਨੇ ਕੀਤਾ ਹੈ, ਕਿ ਇਹ ਮਾਪ ਵਧਾ-ਚੜ੍ਹਾ ਕੇ ਦੱਸੀਆਂ ਗਈਆਂ ਸੰਖਿਆਵਾਂ ਹਨ।[12]

ਜਦਕਿ ਸੋਨੇ ਅਤੇ ਪਿੱਤਲ ਦੇ ਚੜ੍ਹਾਵਿਆਂ ਨੇ ਇਸਰਾਏਲੀਆਂ ਦੀ ਉਦਾਰਤਾ ਤੇ ਜ਼ੋਰ ਦਿੱਤਾ ਹੈ, ਉਸੇ ਤਰ੍ਹਾਂ ਦਿੱਤੀ ਗਈ ਚਾਂਦੀ ਉਨ੍ਹਾਂ ਦੀ ਆਗਿਆਕਾਰਿਤਾ ਨੂੰ ਦਰਸਾਉਂਦੀ ਹੈ।

# ਪ੍ਰਾਸੰਗਿਕਤਾ

**"ਇਸ ਦੀ ਕੀਮਤ ਕੀ ਹੈ?" (38:21-30)**

ਇਸ ਦੀ ਕੀਮਤ ਹੈ? ਅਸਟ੍ਰੇਲੀਆ ਵਿਚ, ਲੋਕ ਕਹਿੰਦੇ ਹਨ, "ਏਮਾ ਚਿਜ਼ਿਟ?" ਇਹ ਪ੍ਰਸ਼ਨ ਭੋਜਨ, ਕੱਪੜਿਆਂ, ਫਰਨੀਚਰ, ਘਰਾਂ ਦੇ ਵਿਸ਼ੇ ਵਿਚ ਅਕਸਰ ਪੁੱਛਿਆ ਜਾਂਦਾ ਹੈ। ਸਾਨੂੰ ਧਰਮ ਦੇ ਵਿਚ ਵੀ ਇਹੋ ਸਵਾਲ ਪੁੱਛਣਾ ਚਾਹੀਦਾ ਹੈ। ਪਰਮੇਸ਼ੁਰ ਦੇ ਚੇਲੇ ਬਣਨ ਦੀ ਕੀ ਕੀਮਤ ਹੈ? ਇਸ ਤੋਂ ਪਹਿਲਾਂ ਕਿ ਚੇਲੇ ਯਿਸੂ ਦੇ ਪਿੱਛੇ ਚੱਲਣਾ ਸ਼ੁਰੂ ਕਰਦੇ ਯਿਸੂ ਨੇ ਲੋਕਾਂ ਨੂੰ ਚੇਲੇ ਬਣਨ ਦੀ ਕੀਮਤ ਦਾ ਹਿਸਾਬ ਲਗਾਉਣ ਦੇ ਲਈ ਉਤਸਾਹਿਤ ਕੀਤਾ (ਲੂਕਾ 14:28-33)। ਜਦੋਂ ਡੇਹਰਾ ਸੰਪੂਰ ਹੋ ਗਿਆ, ਤਾਂ ਕਿਸੇ ਨੇ ਨਿਰਧਾਰਤ ਕੀਤਾ ਕਿ ਇਸ ਦੀ ਕੀਮਤ ਕੀ ਸੀ।

ਕੂਚ 38:21-30 ਇੱਕ ਲੇਖਾਕਾਰ ਦੇ ਬਹੀ ਖਾਤੇ ਦੇ ਵਾਂਗ ਲਿਖਿਆ ਹੈ। ਡੇਹਰੇ ਦੇ ਭਾਗਾਂ ਨਿਰਮਾਣ ਪੂਰਾ ਹੋ ਚੁੱਕਾ ਸੀ। ਜੋ ਬਣਾਉਣਾ ਬਾਕੀ ਸੀ ਉਹ ਜਾਜਕਾਈ ਬਸਤ੍ਰ ਬਣਾਉਣਾ ਅਤੇ ਤੰਬੂ ਲਗਾਉਣਾ, ਅਤੇ ਉਸ ਦਾ ਫਰਨੀਚਰ ਬਣਾਉਣਾ ਸੀ। ਲੋਕਾਂ ਦੀ ਸਵੈ-ਇੱਛਾ ਦੀ ਭੇਟ ਅਤੇ ਅੱਧੇ ਸ਼ਕਲ ਕਰ ਤੋਂ ਪ੍ਰਾਪਤ ਮਾਲ ਦਾ ਲੇਖਾ ਦੇਣਾ ਜ਼ਰੂਰੀ ਪ੍ਰਤੀਕ ਹੋਇਆ (30:13, 14)। ਲੇਖਾਕਾਰ ਨੇ ਰਿਕਾਰਡ ਕੀਤਾ ਕਿ ਕਿੰਨਾ ਸੋਨਾ, ਕਿੰਨੀ ਚਾਂਦੀ, ਅਤੇ ਕਿੰਨਾ ਪਿੱਤਲ ਇਸਤੇਮਾਲ ਕੀਤਾ ਗਿਆ ਸੀ। ਕਿਉਂਕਿ ਚਾਂਦੀ ਸਾਰੇ ਮੁਲਾਂਕਣ ਕੀਤੇ ਮਰਦਾਂ ਦੁਆਰਾ ਅਦਾ ਕੀਤੇ ਕਰ ਤੋਂ ਆਈ ਸੀ, ਖਾਤਾ ਇਸ ਗੱਲ ਦਾ ਸੰਕੇਤ ਵੀ ਦਿੰਦਾ ਹੈ ਕਿ ਕਿੰਨੇ ਮਰਦਾਂ ਦੀ ਗਿਣਤੀ ਕੀਤੀ ਗਈ ਸੀ: 603,550 (38:26)।

ਜਦੋਂ ਇਹ ਲੇਖਾ ਜੋਖਾ ਕੀਤਾ ਗਿਆ ਸੀ, ਤਾਂ ਇਹ ਸੰਭਵ ਤੌਰ ਤੇ ਇੱਕ ਆਡੀਟਰ ਦੀ ਰਿਪੋਰਟ ਦੇ ਵਾਂਗ ਕੰਮ ਕਰਦਾ ਸੀ; ਇਹ ਦਰਸਾਉਂਦਾ ਹੈ ਕਿ ਜੋ ਦਿੱਤਾ ਗਿਆ ਸੀ ਉਸ ਦਾ ਸਹੀ ਇਸਤੇਮਾਲ ਕੀਤਾ ਗਿਆ ਸੀ। ਉਨ੍ਹਾਂ ਲੋਕਾਂ ਦੇ ਲਈ ਜਿਨ੍ਹਾਂ ਨੇ ਬਾਅਦ ਵਿਚ ਇਨ੍ਹਾਂ ਸ਼ਬਦਾਂ ਨੂੰ ਪੜ੍ਹਿਆ, ਇਸ ਹਵਾਲੇ ਨੇ ਲੋਕਾਂ ਦੀ ਉਦਾਰਤਾ ਤੇ ਜ਼ੋਰ ਦਿੱਤਾ। ਇਸ ਵਿਚ ਡੇਹਰੇ ਦੇ ਮੁੱਲ ਅਤੇ ਮਹੱਤਵ ਨੂੰ ਵੀ ਪਰਗਟ ਕੀਤਾ ਗਿਆ ਹੈ।

*ਇਸ ਦੀ ਕੀਮਤ ਕੁੱਝ ਵੀ ਨਹੀਂ ਹੈ।* ਅੱਜ ਇੱਕ ਮਸੀਹੀ ਹੋਣ ਦੀ ਕੀ ਕੀਮਤ ਹੈ? ਇੱਕ ਅਰਥ ਵਿਚ, ਇਸ ਲਈ ਸਾਨੂੰ ਕੁੱਝ ਵੀ ਕੀਮਤ ਨਹੀਂ ਚੁਕਾਉਣੀ ਪਈ ਹੈ। ਇਸ ਦਾ ਅਰਥ ਇਹ ਨਹੀਂ ਹੈ ਕਿ ਮੁਕਤੀ ਦੀ ਕੋਈ ਕੀਮਤ ਨਹੀਂ ਹੈ। ਇਸ ਦੀ ਕੀਮਤ ਮਸੀਹ ਦੇ ਦੁਆਰਾ ਆਪਣਾ ਜੀਵਨ ਦੇਣਾ ਹੈ - ਉਸ ਦਾ ਧਰਤੀ ਤੇ ਆਉਣਾ, ਇੱਕ ਦੁੱਖ ਦਾ ਜੀਵਨ ਗੁਜ਼ਾਰਨਾ, ਅਤੇ ਸਲੀਬ ਦੇ ਉੱਤੇ ਮਰਨਾ। ਉਸ ਨੇ ਕਲੀਸੀਆ ਨੂੰ "ਆਪਣੇ ਹੀ ਲਹੂ ਨਾਲ ਮੁੱਲ ਲਿਆ ਹੈ" (ਰਸੂਲਾਂ ਦੇ ਕਰਤੱਬ 20:28; ਵੇਖੋ ਅਫ਼ਸੀਆਂ 5:25)। ਯਿਸੂ ਨੇ "ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ" ਆਪਣੀ ਜਾਣ ਦਿੱਤੀ ਹੈ (ਮੱਤੀ 20:28)। ਉਸ ਨੇ ਸਾਨੂੰ ਪਾਪ ਤੋਂ ਅਜ਼ਾਦ ਕਰਵਾਉਣ ਦੇ ਲਈ ਪਰਮੇਸ਼ੁਰ ਦੇ ਨਿਆਂ ਦੁਆਰਾ ਮੰਗਿਆ ਗਿਆ ਨਿਸਤਾਰੇ ਦਾ ਮੁੱਲ ਭਰਿਆ (ਪਰਕਾਸ਼ ਦੀ ਪੋਥੀ 22:17); ਇਹ ਇੱਕ ਬਖ਼ਸ਼ੀਸ਼ ਹੈ (ਰੋਮੀਆਂ 6:23)। ਮਸੀਹ ਨੇ ਸਾਡੀ ਮੁਕਤੀ ਦਾ ਮੁੱਲ ਤਾਰਿਆ ਹੈ।

*ਇਸ ਦੀ ਕੀਮਤ ਸਭ ਕੁੱਝ ਹੈ।* ਹੋਰ ਅਰਥ ਵਿਚ, ਇਸ ਦੀ ਕੀਮਤ ਸਾਡਾ ਸਭ ਕੁੱਝ ਹੈ। ਜਦੋਂ ਯਿਸੂ ਨੇ ਲੂਕਾ 14 ਵਿਚ ਚੇਲੇ ਬਣਨ ਦੇ ਮੁੱਲ ਬਾਰੇ ਬੋਲਿਆ, ਤਾਂ ਉਸ ਨੇ ਸਪੱਸ਼ਟ ਤੌਰ ਤੇ ਕਿਹਾ ਕਿ ਇੱਕ ਚੇਲਾ ਬਣਨ ਦੀ ਇੱਕ ਕੀਮਤ ਹੁੰਦੀ ਹੈ। ਕਿੰਨੀ? ਧਨੀ ਨੌਜਵਾਨ ਦੀ ਕਹਾਣੀ ਉਸ ਪ੍ਰਸ਼ਨ ਦਾ ਉੱਤਰ ਦਿੰਦੀ ਹੈ। ਯਿਸੂ ਨੇ ਉਸ ਨੂੰ ਕਿਹਾ, "ਜਾਹ ਅਤੇ ਜੋ ਕੁਝ ਤੇਰਾ ਹੈ ਵੇਚ ਅਤੇ ਕੰਗਾਲਾਂ ਨੂੰ ਦੇ ਦਿਹ ਤਾਂ ਤੈਨੂੰ ਸੁਰਗ ਵਿੱਚ ਧਨ ਮਿਲੇਗਾ ਅਤੇ ਆ, ਮੇਰੇ ਪਿੱਛੇ ਹੋ ਤੁਰ" (ਮਰਕੁਸ 10:21)। ਉਹ ਧਨੀ ਨੌਜਵਾਨ ਸਾਰੇ ਲੋਕਾਂ ਦਾ ਪ੍ਰਤੀਨਿਧੀ ਹੈ। ਜੋ ਮਸੀਹ ਦੇ ਪਿੱਛੇ ਚੱਲਣਾ ਚਾਹੁੰਦਾ

ਹੈ ਉਸ ਨੂੰ ਉਹ ਹਰ ਚੀਜ਼ ਗੁਆਉਣ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ ਜੋ ਉਸ ਦੇ ਚੇਲਾ ਬਣਨ ਦੇ ਰਾਹ ਵਿਚ ਰੁਕਾਵਟ ਬਣਦੀ ਹੈ।

ਯਿਸੂ ਨੂੰ ਸਭ ਕੁੱਝ ਦੇਣ ਦਾ ਅਰਥ ਹੈ ਕਿ ਉਸ ਦੇ ਹੁਕਮਾਂ ਦੀ ਪਾਲਣਾ ਵਿਚ ਲਈ ਆਪਣੇ ਆਪ ਨੂੰ ਦੇ ਦੇਈਏ। ਮੁਕਤੀ ਮੁਫ਼ਤ ਹੈ। ਇਹ ਇੱਕ ਬਖ਼ਸ਼ੀਸ਼ ਹੈ, ਪਰ ਇਹ ਇੱਕ ਬਖ਼ਸ਼ੀਸ਼ ਹੈ ਜਿਸ ਨੂੰ ਸਵੀਕਾਰ ਕਰਨਾ ਜ਼ਰੂਰੀ ਹੈ। ਅਸੀਂ ਉਸ ਸਮੇਂ ਇਸ ਨੂੰ ਸਵੀਕਾਰ ਕਰਦੇ ਹਾਂ ਜਦੋਂ ਅਸੀਂ ਯਿਸੂ ਤੇ ਵਿਸ਼ਵਾਸ ਕਰਦੇ ਅਤੇ ਉਸ ਉੱਤੇ ਇੰਨਾ ਭਰੋਸਾ ਕਰਦੇ ਹਾਂ ਕਿ ਆਪਣੇ ਪਾਪਾਂ ਤੋਂ ਤੌਬਾ ਕਰਦੇ, ਉਸ ਦੇ ਨਾਮ ਨੂੰ ਸਵੀਕਾਰ ਕਰਦੇ, ਅਤੇ ਪਾਪਾਂ ਦੀ ਮਾਫ਼ੀ ਦੇ ਲਈ ਬਪਤਿਸਮਾ ਲੈਂਦੇ ਹਾਂ। ਇਹ ਸਾਡੀ ਯੋਗਤਾ ਨੂੰ ਮਸੀਹ ਦੀ ਯੋਗਤਾ ਦੇ ਨਾਲ ਨਹੀਂ ਜੋੜਦਾ ਹੈ; ਅਸੀਂ ਕਦੀ ਵੀ ਮੁਕਤੀ ਦੇ ਯੋਗ ਨਹੀਂ ਹੋ ਸਕਦੇ ਹਾਂ। ਅਸੀਂ ਆਪਣੀ ਮੁਕਤੀ ਦੇ ਲਈ ਉਚਿਤ ਹਾਂ ਜੋ ਉਹ ਸਾਨੂੰ ਸੁਤੰਤਰ ਤੌਰ ਤੇ ਪ੍ਰਦਾਨ ਕਰਦਾ ਹੈ।

ਕੀ ਇੱਕ ਮਸੀਹੀ ਹੋਣਾ ਸਾਨੂੰ ਬਹੁਤ ਮਹਿੰਗਾ ਪਿਆ ਹੈ? ਕੀ ਅਸੀਂ ਆਪਣੇ ਹਿੱਸੇ ਦਾ ਕੰਮ ਕਰ ਰਹੇ ਹਾਂ, ਜਾਂ ਕੀ ਅਸੀਂ ਉਸ ਚੀਜ਼ ਦਾ ਅਨੰਦ ਲੈ ਰਹੇ ਹਾਂ ਜੋ ਸਾਨੂੰ ਬਿਨਾਂ ਕਿਸੇ ਕੀਮਤ ਦੇ ਦੂਸਰਿਆਂ ਦੇ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ? ਕਲੀਸੀਆ ਦੀ ਕੀਮਤ ਯਿਸੂ ਦਾ ਜੀਵਨ ਹੈ। ਅਸੀਂ ਇਸ ਲਹੂ ਨਾਲ ਖਰੀਦੇ ਗਏ ਸਰੀਰ ਨੂੰ ਅੱਗੇ ਲੈ ਜਾਣ ਦੇ ਲਈ ਕਿੰਨੇ ਕੁ ਤਿਆਰ ਹਾਂ?

### ਸਾਨੂੰ ਇੱਕ ਈਥਾਮਾਰ ਦੀ ਲੋੜ ਹੈ! (38:21-30)

ਹਰ ਕਲੀਸੀਆ ਅਤੇ ਹਰ ਚੰਗੇ ਕੰਮ ਦੇ ਲਈ ਇੱਕ ਈਥਾਮਾਰ ਦੀ ਲੋੜ ਹੁੰਦੀ ਹੈ! ਹਰ ਇੱਕ ਕੰਮ ਵਿਚ ਜਿਸ ਵਿਚ ਦਾਨ ਦਾ ਪੈਸਾ ਜਾਂ ਵਸਤੂਆਂ ਸ਼ਾਮਲ ਹੁੰਦੀਆਂ ਹਨ, ਇੱਕ ਈਥਾਮਾਰ, ਇੱਕ ਚੰਗੇ ਲੇਖਾਕਾਰ ਦੀ ਲੋੜ ਹੁੰਦੀ ਹੈ। ਪ੍ਰਾਪਤ ਧਨ ਦਾ ਹਿਸਾਬ ਇਸ ਤਰੀਕੇ ਦੇ ਨਾਲ ਹੋਣਾ ਚਾਹੀਦਾ ਹੈ ਕਿ ਉਹ ਇਸ ਗੱਲ ਨੂੰ ਜ਼ਾਹਿਰ ਕਰੇ ਕਿ ਪ੍ਰਾਪਤ ਕੀਤੇ ਗਏ ਧਨ ਨੂੰ ਉਸੇ ਉਦੇਸ਼ ਦੇ ਲਈ ਇਸਤੇਮਾਲ ਕੀਤਾ ਗਿਆ ਹੈ ਜਿਸ ਦੇ ਲਈ ਇਸ ਨੂੰ ਲਿਆ ਗਿਆ ਸੀ ਅਤੇ ਕੁੱਝ ਵੀ ਵਿਅਰਥ ਜਾਂ ਅਨੁਚਿਤ ਤਰੀਕੇ ਦੇ ਨਾਲ ਨਹੀਂ ਵਰਤਿਆ ਗਿਆ ਸੀ। ਪੌਲੁਸ ਇਸ ਵਿਸ਼ੇ ਵਿਚ ਬਹੁਤ ਚਿੰਤਾ ਸੀ "ਕਿਉਂ ਜੋ ਅਸੀਂ ਇਸ ਤੋਂ ਚੌਕਸ ਰਹਿੰਦੇ ਹਾਂ ਜੋ ਇਸ ਵੱਡੀ ਦਾਤ ਦੇ ਵਿਖੇ ਜਿਹ ਦੀ ਅਸੀਂ ਸੇਵਾ ਕਰਦੇ ਹਾਂ ਕੋਈ ਸਾਡੇ ਉੱਤੇ ਹਰਫ਼ ਨਾ ਲਿਆਵੇ। ਕਿਉਂਕਿ ਜਿਹੜੀਆਂ ਗੱਲਾਂ ਨਿਰੇ ਪ੍ਰਭੁ ਦੇ ਸਨਮੁਖ ਵੀ ਚੰਗੀਆਂ ਹਨ ਅਸੀਂ ਓਹਨਾਂ ਦਾ ਧਿਆਨ ਰੱਖਦੇ ਹਾਂ" (2 ਕੁਰਿੰਥੀਆਂ 8:18-21)। ਸਾਨੂੰ ਵੀ ਇਹੋ ਚਿੰਤਾ ਹੋਣੀ ਚਾਹੀਦੀ ਹੈ।

### ਕੀਮਤੀ ਡੇਹਰਾ ਅਤੇ ਅੱਜ ਇਸ ਦਾ ਮਹੱਤਵ (38:21-30)

ਕੀ ਇਹ ਤੱਥ ਕਿ ਡੇਹਰਾ ਬਹੁਤ ਮਹਿੰਗਾ ਸੀ ਇਸ ਗੱਲ ਨੂੰ ਉਚਿਤ ਠਹਿਰਾਉਂਦਾ ਹੈ ਕਿ ਅੱਜ ਦੇ ਮਸੀਹੀਆਂ ਨੂੰ ਮਹਿੰਗੀ ਜੀਵਨਸ਼ੈਲੀ ਜਾਂ ਕਲੀਸੀਆ ਦੀਆਂ ਆਲੀਸ਼ਾਨ ਇਮਾਰਤਾਂ ਬਣਾਉਣੀਆਂ ਚਾਹੀਦੀਆਂ ਹਨ? (1) ਇੱਕ ਮਹਿੰਗੀ ਜੀਵਨ ਸ਼ੈਲੀ ਵਿਚ ਕੀ ਸ਼ਾਮਲ ਹੈ? ਮਸੀਹੀਆਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਪਵਿੱਤਰ ਬਾਈਬਲ ਅੱਜ ਮਸੀਹੀਆਂ ਦੇ ਨਾਲ ਖ਼ੁਸ਼ਹਾਲੀ ਦਾ ਵਾਇਦਾ ਨਹੀਂ ਕਰਦੀ ਹੈ। ਇਸ ਤੋਂ ਇਲਾਵਾ, ਜਦਕਿ ਕੁੱਝ ਮਸੀਹੀ ਅਮੀਰ ਹੋ ਸਕਦੇ ਹਨ (1 ਤਿਮੋਥਿਉਸ 6:17), ਉਨ੍ਹਾਂ ਨੂੰ ਮਾਇਆ ਦਾ ਲੋਭੀ ਨਹੀਂ ਹੋਣਾ ਚਾਹੀਦਾ ਹੈ (1 ਤਿਮੋਥਿਉਸ 6:9, 10)। ਹਰੇਕ ਚੇਲੇ ਨੂੰ ਆਪਣੇ ਆਪ ਨੂੰ ਅਤੇ ਆਪਣੇ ਮਾਲ ਧਨ ਨੂੰ - ਭਾਵੇਂ ਉਸ ਕੋਲ ਬਹੁਤਾ ਹੋਵੇ ਜਾਂ ਥੋੜਾ - ਪ੍ਰਭੂ ਨੂੰ ਸਮਰਪਿਤ ਕਰਨਾ ਚਾਹੀਦਾ ਹੈ।

(2) ਸ਼ਾਨਦਾਰ ਕਲੀਸੀਆ ਇਮਾਰਤਾਂ ਦੇ ਵਿਸ਼ੇ ਵਿਚ ਕੀ ਹੈ? ਪਵਿੱਤਰ ਬਾਈਬਲ

ਕਲੀਸੀਆ ਦੀਆਂ ਇਮਾਰਤਾਂ ਦੇ ਵਿਸ਼ੇ ਵਿਚ ਸ਼ਾਂਤ ਹੈ। ਡੇਹਰੇ ਨੂੰ ਸ਼ਾਨਦਾਰ ਇਮਾਰਤਾਂ ਬਣਾਉਣ ਦੇ ਲਈ ਇੱਕ ਬਹਾਨੇ ਦੇ ਰੂਪ ਵਿਚ ਇਸਤੇਮਾਲ ਨਹੀਂ ਕੀਤਾ ਜਾਣਾ ਚਾਹੀਦਾ ਜੋ ਪ੍ਰਭੂ ਦਾ ਕੰਮ ਕਰਨ ਦੇ ਲਈ ਬੇਲੋੜੀਆਂ ਹਨ। ਫਿਰ ਵੀ, ਡੇਹਰਾ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਸੁੰਦਰ ਇਮਾਰਤਾਂ ਬਣਾਉਣ ਵਿਚ ਕੁੱਝ ਵੀ ਗਲਤ ਨਹੀਂ ਹੈ ਜੋ ਕਾਰਜਸ਼ੀਲ ਵੀ ਹੋਣ।

---

## ਟਿੱਪਣੀਆਂ

[1]ਇਹ ਟਿੱਪਣੀ ਵਿਚ ਜਾਜਕਾਈ ਬਸਤ੍ਰਾਂ ਨੂੰ ਬਣਾਉਣਾ ਸ਼ਾਮਲ ਨਹੀਂ ਹੈ, ਜੋ ਅਧਿਆਇ 39 ਵਿਚ ਦਰਸਾਇਆ ਗਿਆ ਹੈ। [2]ਜੌਨ ਆਈ. ਡਰਹਮ, *ਐਕਸੋਡਸ,* ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁਕਸ, 1987), 487. [3]ਡਰਹਮ ਵਿਚ ਇਨ੍ਹਾਂ ਇਸਤਰੀਆਂ ਦੀਆਂ ਭੂਮਿਕਾਵਾਂ ਦੇ ਵਿਸ਼ੇ ਵਿਚ ਵੱਖ ਵੱਖ ਸੁਝਾਵਾਂ ਦੇ ਵਿਸ਼ੇ ਵਿਚ ਚਰਚਾ ਕੀਤੀ ਜਾਂਦੀ ਹੈ, 487, ਅਤੇ ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ,* ਟਿੰਡੇਲ ਓਡਲ ਟੈਸਟਾਮੈਂਟ ਕਮੈਂਟਰੀਜ਼ (ਡੋਨਰਸ ਗਰੂਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈੱਸ, 1973), 236. [4]ਕੋਲ, 236. [5]ਉਦਾਹਰਣ ਦੇ ਤੌਰ ਤੇ, ਵੇਖੋ ਜੇ. ਫਿਲਿੱਪ ਹਯਾਤ, *ਐਕਸੋਡਸ,* ਦ ਨਿਊ ਸੈਨਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੇਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1971), 330. [6]ਫਰੈਡਰਿਕ ਡਬਲਿਯੂ. ਡੈਂਕਰ, "ਮਿੱਰਗ," *ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ* ਵਿਚ, ਸੋਧ ਅਤੇ ਸੰਪਾ., ਸੰਪਾਦਨ. ਜੈਫ਼ਰੀ ਡਬਲਿਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1986), 3:382. [7]ਪੀਟਰ ਐਨਸ, *ਐਕਸੋਡਸ,* ਦ NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੇਪਿਡਸ, ਮਿਸ਼ੀਗਨ: ਜ਼ੋਂਡੇਰਵਨ, 2000), 548. [8]ਡਰਹਮ, 489-90. [9]ਡਬਲਿਯੂ. ਐੱਚ. ਗਿਸਪਨ, *ਐਕਸੋਡਸ,* ਅਨੁਵਾਦ ਐਡ ਵੈਨ ਡਰ ਮਾਸ, ਬਾਈਬਲ ਸਟੂਡੇਂਟਸ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਰੀਜੈਂਸੀ ਰੈਫਰੈਂਸ ਲਾਇਬ੍ਰੇਰੀ, ਜੋਂਡੇਰਵਨ ਪਬਲਿਸ਼ਿੰਗ ਹਾਊਸ, 1982), 327. [10]ਐਨਸ, 549, ਨੰ. 55.

[11]ਵਿਲਬਰ ਫੀਲਡਸ, *ਐਕਸਪਲੋਰਿੰਗ ਐਕਸੋਡਸ,* ਬਾਈਬਲ ਸਟੱਡੀ ਟੈਕਸਟਬੁੱਕ ਸੀਰੀਜ਼ (ਜੋਪਲਿਨ, ਮਿਸੌਰੀ: ਕਾਲਜ ਪ੍ਰੈੱਸ, 1976), 789-90. [12]ਐਨਸ, 548-49.